# ਬੱਚੇ ਯੀਸ਼ੂ ਉੱਤੇ ਭਰੋਸਾ ਕਰਨ ਜਿਵੇ ਅਬਰਾਹਮ ਨੇ ਕੀਤਾ

**ਪ੍ਰਾਰਥਨਾ:** ''ਪਿਆਰੇ ਸੁਰਗੀ ਪਿਤਾ, ਬੇਨਤੀ ਕਰਕੇ ਇਸ ਪੜ੍ਹਾਈ ਨੂੰ ਆਪਣੀ ਪਵਿਤੱਰ ਆਤਮਾ ਦੀ ਸ਼ਕਤੀ ਨਾਲ ਬੈਠਿਆ ਵਿੱਚ ਵਿਸ਼ਵਾਸ ਪੈਦਾ ਕਰਣ ਲਈ ਇਸਤਮਾਲ ਕਰੋ। ਉਨ੍ਹਾਂ ਦੀ ਮੱਦਦ ਕਰੋ ਕਿ ਉਹ ਰੋਜਾਨ ਸਹੀ ਵਿਸ਼ਵਾਸ ਨਾਲ ਪ੍ਰਾਰਥਨਾ ਕਰਨ ਅਤੇ ਦਿੱਲ ਵਿੱਚ ਭਗਤੀ ਨੂੰ ਮਹਿਸੂਸ ਕਰਨ। ਯੀਸ਼ੂ ਦੇ ਨਾਮ ਵਿੱਚ।''

ਉਨ੍ਹਾਂ ਗਤੀਵਿਧੀਆਂ ਨੂੰ ਚੁਣੋ, ਜਿਹੜੀਆ ਬੱਚਿਆਂ ਦੀ ਉਮਰ ਅਤੇ ਜਰੂਰਤਾਂ ਨੂੰ ਪੂਰਾ ਕਰਦੀਆਂ ਹਨ

ਇੰਨ੍ਹਾਂ ਮੁੱਖ ਘਟਨਾਵਾਂ ਵਿੱਚ, ਅਬਰਾਹਮ ਦੇ ਜੀਵਨ ਦੇ ਵਿਸ਼ਵਾਸ ਦਾ ਬੱਚਿਆਂ ਲਈ ਖੁਲਾਸਾ ਕਰੋ।

1) ਅਬਰਾਹਮ ਨੇ ਯਾਤਰਾ ਵਿਸ਼ਵਾਸ ਨਾਲ ਕੀਤੀ। ਅਬਰਾਹਮ ਨੇ ਪਰਮੇਸ਼ਵਰ ਦੀ ਆਗਿਆ ਨੂੰ ਮੰਨਿਆ। ਉਸ ਨੇ ਉਹਦੇ ਆਪਣੇ ਦੇਸ਼ ਨੂੰ ਛੱਡ ਦਿੱਤਾ ਜਿਹੜਾ ਕਿ ਅਮੀਰ ਸੀ, ਪਰ ਉੱਥੇ ਮੂਰਤੀਆ ਦੀ ਪੂਜਾ ਕੀਤੀ ਜਾਦੀ ਸੀ। ਕਿਉਂਕਿ ਉਹ ਪਰਮੇਸ਼ਵਰ ਨੂੰ ਪਿਆਰ ਕਰਦਾ ਸੀ। ਇਸ ਲਈ ਉਹ ਆਪਣੇ ਪਰਿਵਾਰ ਨਾਲ ਇੱਕ ਅਣਜਾਣ ਜਗ੍ਹਾ ਲਈ ਯਾਤਰਾ ਕਰਕੇ ਗਿਆ। (ਉੱਤਪਤ 2 ਬਾਪ)

2) ਅਬਰਾਹਮ ਨੇ ਖੁੱਲੇ ਦਿੱਲ ਨਾਲ ਵਿਸ਼ਵਾਸ ਦੁਆਰਾ ਦਿਤਾ। ਅਬਰਾਹਮ ਦੇ ਆਜੜੀ (ਪਸ਼ੂ ਚਾਰਨ ਵਾਲਾ) ਤੇ ਉਹਦੇ ਭਤੀਜੇ ਲੂਤ ਦੇ ਆਜੜੀ (ਪਸ਼ੂ ਚਾਰਨ ਵਾਲੇ) ਲੜੇ, ਉਸ ਵੱਧੀਆ ਧਰਤੀ ਦੇ ਉੱਤੇ, ਉਨ੍ਹਾਂ ਦੀਆ ਗਾਵਾ ਅਤੇ ਭੇਡਾਂ ਲਈ। ਕਿਉਕਿ ਅਬਰਾਹਮ ਪਰਮੇਸ਼ਵਰ ਉੱਤੇ ਵਿਸ਼ਵਾਸ ਕਰਦਾ ਸੀ। ਉਸ ਨੇ ਲੂਤ ਨੂੰ ਵਧੀਆ ਧਰਤੀ ਲੈਣ ਦਿਤੀ ਅਤੇ ਲੜਾਈ ਝਗੜੇ ਨੂੰ ਅਨਦੇਖਾ ਕੀਤਾ। ਲੂਤ ਨੇ ਸਵਾਰਥ ਨਾਲ ਵਧੀਆ ਜ਼ਮੀਨ ਲਈ

ਪਰ ਪਰਮੇਸ਼ਵਰ ਨੇ ਅਬਰਾਹਮ ਨੂੰ ਅਸੀਸ ਦਿੱਤੀ। (ਉੱਤਪਤ 13 ਬਾਪ)

3) ਅਬਰਾਹਮ ਨੇ ਦਲੇਰੀ ਅਤੇ ਵਿਸ਼ਵਾਸ਼ ਨਾਲ ਲੜਾਈ ਲੜੀ, ਲੂਤ ਨੇ ਰਹਿਣ ਵਾਸਤੇ ਮੂਰਤੀ ਪੂਜਕ ਸਦੂਮ ਨੂੰ ਚੁਣ ਲਿਆ। ਇੱਕ ਦਿਨ, ਪੰਜ ਬੁਰੇ ਰਾਜਿਆ ਨੇ ਸਦੂਮ ਤੇ ਕਬਜਾ ਕਰ ਲਿਆ। ਉਹ ਲੋਕਾਂ ਨੂੰ ਗੁਲਾਮੀ ਵਿੱਚ ਲੈ ਗਏ , ਅਤੇ ਉਨ੍ਹਾਂ ਦੀਆਂ ਕੀਮਤੀ ਚੀਜਾਂ ਨੂੰ ਵੀ। ਪਰ ਕੁਝ ਵੀ ਹੋਵੇ, ਅਬਰਾਹਮ ਅਤੇ ਉਹਦੇ ਆਜੜੀਆਂ ਨੇ ਉਨ੍ਹਾਂ ਪੰਜਾ ਰਾਜਿਆਂ ਨੂੰ ਹਰਾ ਦਿੱਤਾ, ਅਤੇ ਲੂਤ ਤੇ ਪਰਿਵਾਰ ਤੇ ਲੋਕਾਂ ਨੂੰ ਬਚਾ ਲਿਆ। ਉਹਦੇ ਬਾਦ, ਸਦੂਮ ਦੇ ਰਾਜੇ ਨੇ ਅਬਰਾਹਮ ਨੂੰ ਬਿਨਤੀ ਕੀਤੀ ਕਿ ਉਹ ਆਪਣੇ ਲਈ ਕੁਝ ਚੀਜਾਂ ਨੂੰ ਰੱਖ ਲਵੇ ਅਤੇ ਜਰੂਰਤ ਵੰਦ ਲੋਕਾ ਨੂੰ ਦੇ ਦੇਵੇ। ਅਬਰਾਹਮ ਨੇ ਰਾਜੇ ਨੂੰ ਸਮਾਨ ਅਤੇ ਲੋਕ ਦੋਹਾਂ ਨੂੰ ਵਾਪਿਸ ਮੋੜ ਦਿੱਤਾ। (ਉੱਤਪਤ 14 ਬਾਪ)

- ਬੱਚਿਆਂ ਨੂੰ ਪੁੱਛੋ ਕਿ ਇੰਨ੍ਹਾਂ ਸਾਰੇ ਤਾਰਿਆਂ ਨੂੰ ਗਿਣਨ ਲਈ ਕਿੰਨਾ ਸ਼ਮਾ ਲਗੇਗਾ। ਸਮਝਾਉ ਕਿੰਨੀ ਮਹਾਨ ਚੀਜ ਸੀ ਕਿ ਅਬਰਾਹਮ ਦਾ ਵਿਸ਼ਵਾਸ ਪਰਮੇਸ਼ਵਰ ਦੇ ਵਾਹਿਦੇ ਕਿ ਉਹਦੇ ਕੋਲ ਬਹੁਤ ਸਾਰੇ ਖਾਨਦਾਨ ਹੋਣਗੇ
- ਬੱਚਿਆਂ ਨੂੰ ਆਖੋ ਕਿ ਉਨ੍ਹਾਂ ਨੂੰ ਰੋਜ ਜਰੂਰ ਪ੍ਰਾਰਥਨਾ ਕਰਨੀ ਚਾਹੀਦੀ ਹੈ, ਇੱਕਲੇ ਅਤੇ ਆਪਣੇ ਪਰਿਵਾਰਾਂ ਨਾਲ ਵੀ। ਜੇ ਉਹ ਕਰ ਸਕਦੇ ਹੋਣ।



What Abraham Saw

4) ਅਬਰਾਹਮ ਨੇ ਪਰਮੇਸ਼ਵਰ ਦੇ ਵਾਹਿਦੇ ਉੱਤੇ ਭਰੋਸਾ ਕੀਤਾ ਅਤੇ ਪਰਮੇਸ਼ਵਰ ਨੇ ਅਬਰਾਹਮ ਨਾਲ ਸਦੀਪਕ ਸਮਝੌਤਾ ਕੀਤਾ। ਸਾਰੇ ਦੇਸ਼ਾਂ ਨੂੰ ਉਹਦੇ ''ਬੀਜ'' ਦੇ ਵਾਧੇ ਨਾਲ ਅਸੀਸ ਦੇਣ ਕਰਕੇ ਮੱਤਲਬ, ਇੱਕ ਕੌਮ ਨਾਲ। ਪਰ ਕੁਝ ਵੀ ਹੋਵੇ, ਉਸਦੀ ਪਤਨੀ ਸਾਰਾਹ ਸੀ ਬੱਚੇ ਪੈਦਾ ਕਰਣ ਲਈ ਬਹੁਤ ਵੱਡੀ ਸੀ। ਇੱਕ ਦਿਨ, ਪਰਮੇਸ਼ਵਰ ਨੇ ਅਬਰਾਹਮ ਨੂੰ ਉੱਪਰ ਤਾਰੇ ਵੇਖਣ ਲਈ ਆਖਿਆ, ਪਰਮੇਸ਼ਵਰ ਨੇ ਓਸਹ ਨਾਲ ਵਾਹਿਦਾ ਕੀਤਾ ਕਿ ਉਹ ਉਹਦੇ ਖਾਨਦਾਨਾ ਨੂੰ ਉਨਾ ਜਿਆਦਾ ਵਧਾਊਗਾ ਜਿਵੇ ਕਿ ਉਹ ਜਿਨ੍ਹੇ ਤਾਰੇ ਵੇਖ ਸਕਦਾ ਹੈ। ਅਬਰਾਹਮ ਨੇ ਪਰਮੇਸ਼ਵਰ ਉੱਤੇ ਵਿਸ਼ਵਾਸ ਕੀਤਾ। ਉਹ ਜਿਹਦੇ ਲਈ ਅਬਰਾਹਮ ਦੇ ਵਿਸ਼ਵਾਸ ਦਵਾਰਾ ਧਰਮੀ ਗਿਣਿਆ ਗਿਆ। ਪਰਮੇਸ਼ਵਰ ਨੇ ਆਪਣੇ ਵਾਹਿਦੇ ਨੂੰ ਪੂਰਾ ਕੀਤਾ। ਸਾਰਾਹ ਨੂੰ ਯੋਗ ਬਣਾ ਕੇ ਕਿ ਉਸ ਨੇ ਇਸਹਾਕ ਨੂੰ ਜਨਮ ਦਿੱਤਾ। ਤੇ ਅੱਜ ਵੀ, ਪਰਮੇਸ਼ਵਰ ਸਾਰੇ ਵੰਸ਼ ਨੂੰ ਅਸੀਸ ਦਿੰਦਾ ਹੈ, ਅਬਰਾਹਮ ਦੇ ਵੰਸ਼ ਯੀਸ਼ੂ ਦੇ ਦੁਆਰਾ। (ਉੱਤਪਤ 15, 17 ਤੇ 21 ਬਾਪ)



**ਧਰਤੀ ਦੇ ਸਾਰੇ ਦੇਸ਼ਾ ਨੂੰ**

5) ਅਬਰਾਹਮ ਨੇ ਵਿਸ਼ਵਾਸ਼ ਨਾਲ ਪ੍ਰਾਰਥਨਾ ਕੀਤੀ। ਇੱਕ ਦਿਨ ਪਰਮੇਸ਼ਵਰ ਦੇ ਫਰਿਸ਼ਤੇ ਨੇ ਅਬਰਾਹਾਮ ਨੂੰ ਦੱਸਿਆ ਕਿ ਉਹ ਸਦੂਮ ਦੇ ਲੋਕਾ ਦਾ ਨਾਸ਼-ਕਰਨ ਲਈ ਜਾ ਰਿਹਾ ਹੈ। ਕਿਉਕਿ ਉਹ ਬਹੁਤ ਹੀ ਗੰਦੇ ਲੋਕ ਹਨ। ਅਬਰਾਹਮ ਨੇ ਪਰਮੇਸ਼ਵਰ ਕੋਲ ਬਿਨਤੀ ਕੀਤੀ ਕਿ ਉਹ ਲੂਤ ਅਤੇ ਉਹਦੇ ਪਰਿਵਾਰ ਨੂੰ ਵੱਖ ਕਰੇ। ਉਹ ਜਿਹੜੇ ਸਦੂਮ ਵਿੱਚ ਵਸਦੇ ਸਨ। ਕਿਉਕਿ ਅਬਰਾਹਮ ਦਾ ਵਿਸ਼ਵਾਸ ਸੀ, ਪਰਮੇਸ਼ਵਰ ਨੇ ਉਹਦੇ ਫਰਿਸ਼ਤੇ ਨੂੰ ਭੇਜ ਕੇ ਉਨ੍ਹਾਂ ਨੂੰ ਬਚਾ ਲਿਆ। ਫਿਰ ਉਸ ਨੇ ਸੁਰਗ ਵਿੱਚ ਸਦੂਮ ਉੱਤੇ ਅੱਗ ਦਾ ਮੀਹ ਵਰ੍ਹਾਇਆ, ਅਤੇ ਇਹਨੂੰ ਪੂਰੇ ਤਰੀਕੇ ਨਾਲ ਤਬਾਹ ਕਰ ਦਿੱਤਾ। (ਉੱਤਪਤ 18, 19 ਬਾਪ)

6) ਅਬਰਾਹਮ ਨੇ ਵਿਸ਼ਵਾਸ ਨਾਲ ਇੱਕ ਦਿੱਲ ਤੋੜਨ ਵਾਲੀ, ਪਰਮੇਸ਼ਵਰ ਦੀ ਆਗਿਆ ਨੂੰ ਮੰਨਿਆ। ਇੱਕ ਦਿਨ, ਪਰਮੇ ਸ਼ਵਰ ਅਬਰਾਹਮ ਦੇ ਵਿਸ਼ਵਾਸ ਨੂੰ ਪਰਖਣਾ ਚਾਹੁੰਦਾ ਸੀ, ਇਸ ਲਈ ਉਸ ਨੇ ਅਬਰਾਹਮ ਨੂੰ ਹੁੱਕਮ ਦਿੱਤਾ ਕਿ ਉਹ ਆਪਣੇ ਇੱਕ ਲੋਤੇ ਪੁੱਤਰ ਨੂੰ ਬਲੀਦਾਨ ਕਰੇ। ਇਸਹਾਕ ਨੂੰ ਉਹ ਜਿਹੜਾ ਕਿ ਜਿਹਦੇ ਨਾਲ ਪਰਮੇਸ਼ਵਰ ਦੇ ਸਾਰੇ ਵਾਹਦਿਆਂ ਨੂੰ ਪੂਰਾ ਹੋਣਾ ਸੀ। ਅਬਰਾਹਮ ਆਪਣੇ ਬੱਚੇ ਦੀ ਬਲੀ ਦੇਣ ਲਈ ਤਿਆਰ ਹੋ ਗਿਆ। ਇਹ ਜਾਣਦੇ ਹੋਏ ਕਿ ਪਰਮੇਸ਼ਵਰ ਉਹਨੂੰ ਫਿਰ ਜਿਊਂਦਾ ਕਰ ਸਕਦਾ ਹੈ। ਅਚਾਨਕ ਪਰਮੇਸ਼ਵਰ ਨੇ ਅਬਰਾਹਮ ਨੂੰ ਬਲੀ ਕਰਣ ਲਈ ਉਹਦੇ ਪੁੱਤ ਦੀ ਜਗ੍ਹਾ ਤੇ ਇੱਕ ਭੇਡ ਦੇ ਦਿੱਤੀ(ਇੰਬਰਾਨੀਆ 11:17–19)

7) ਅਬਰਾਹਮ ਦੇ ਚੰਗੇ ਕੰਮਾ ਨੇ ਦਿਖਾਇਆ ਕਿ ਉਹਨੂੰ ਕਿੰਨਾ ਜਿਆਦਾ ਵਿਸ਼ਵਾਸ ਸੀ। ਪਰਮੇਸ਼ਵਰ ਨੇ ਅਬਰਾਹਮ ਨੂੰ ਧਰਮੀ ਗਿਣਿਆ ਅਤੇ ਉਹਨੂੰ ਅਸੀਸ ਦਿੱਤੀ, ਉਹਦੇ ਵਿਸ਼ਵਾਸ ਦੇ ਕਰਕੇ। ਨਾ ਕਿ ਉਹਦੇ ਚੰਗੇ ਕੰਮ ਕਰਣ ਤੇ। ਇਹ ਅਬਰਾਹਮ ਦਾ ਵਿਸ਼ਵਾਸ ਸੀ, ਜਿਹੜਾ ਕਿ ਉਹਨੂੰ ਚੰਗੇ ਕੰਮ ਕਰਾਉਂਦਾ ਸੀ। (ਯਾਕੂਬ 2:21–24)


ਚਾਰ ਵੱਡੇ ਬੱਚਿਆਂ ਨੂੰ ਆਖੋ ਕਿ ਉਹ ਜਾਕੇ ਚਾਰ ਚੀਜਾਂ ਨੂੰ ਲੱਭਣ, ਜਿਹੜੀਆ ਵਿਸ਼ਵਾਸ ਨੂੰ ਦੱਸਦੀਆਂ ਹਨ। ਜੇ ਉਹ ਬਹੁਤ ਔਖਾ ਹੋਵੇ। ਤਾਂ ਫਿਰ ਸਧਾਰਣ ਚਾਰ ਚੀਜਾ ਦੀ ਤਸਵੀਰ ਬਣਾਉ।

ਇੱਕ ਸਾਬਣ ਦੀ ਟਿੱਕੀ

ਇੱਕ ਚਾਕੂ

ਇੱਕ ਛੋਟੀ ਬੋਤਲ (ਜਾ ਇੱਕ ਗੋਲੀ)

ਇੱਕ ਸਲੀਬ (ਦੋ ਲਕੜੀਆ ਨੂੰ ਕੱਸ ਕੇ ਇੱਕਠੇ ਬੰਨੋ)



ਦੋ ਲਕੜੀਆ ਨੂੰ ਇੱਕਠੇ ਬੰਨ
ਕੇ ਇੱਕ ਸਲੀਬ ਬਣਾਉ।

- **ਪਹਿਲਾ ਬੱਚਾ:** ਸਾਬਣ ਦਿਖਾਵੇ ਅਤੇ ਆਖੇ, ''ਕਿ ਅਸੀ ਆਪਣੇ ਪਾਪਾਂ ਨੂੰ ਸਾਬਣ ਨਾਲ ਧੋ ਕੇ ਦੂਰ ਕਰ ਸਕਦੇ ਹਾ?''(ਬੱਚਿਆਂ ਨੂੰ ਉੱਤਰ ਦੇਣ ਦਿਉ)
- **ਦੂਜਾ ਬੱਚਾ:** ਚਾਕੂ ਨੂੰ ਵਿਖਾਵੇ ਅਤੇ ਆਖੇ, ''ਕਿ ਡਾਕਟਕ ਚਾਕੂ ਨਾਲ ਸਾਡੇ ਪਾਪਾਂ ਨੂੰ ਵੱਡ ਸਕਦੇ ਹਨ?''
- **ਤੀਜਾ ਬੱਚਾ:**- ਬੋਤਲ ਵਿਖਾਵੇ ਅਤੇ ਆਖੇ, '' ਕਿ ਅਸੀ ਦਵਾਈ ਲੈ ਕੇ ਆਪਣੇ ਪਾਪਾਂ ਦਾ ਇਲਾਜ ਕਰ ਸਕਦੇ ਹਾ?''
- **ਚੌਥਾ ਬੱਚਾ:** ਸਲੀਬ ਨੂੰ ਵਿਖਾਇਏ ਅਤੇ ਆਖੇ, ''ਕੀ ਅਸੀਂ ਇਹਦੇ ਨਾਲ ਆਪਣੇ ਪਾਪਾਂ ਨੂੰ ਦੂਰ ਕਰ ਸਕਦੇ ਹਾ?''

**ਸਮਝਾਉ:** ਸਿਰਫ ਯੀਸ਼ੂ ਦੇ ਲਹੂ ਦੇ ਦੁਆਰਾ, ਜਿਹੜਾ ਸਲੀਬ ਉੱਤੇ ਵਹਾਇਆ ਗਿਆ, ਸਾਡੇ ਪਾਪਾਂ ਨੂੰ ਸਾਫ ਕਰ ਸਕਦਾ ਹੈ, ਸਾਨੂੰ ਜਰੂਰ ਯੀਸ਼ੂ ਤੇ ਭਰੋਸ਼ਾ (ਵਿਸ਼ਵਾਸ) ਕਰਨਾ ਹੈ। ਉਹ ਮਰ ਗਿਆ ਅਤੇ ਮੌਤ ਤੋਂ ਜਿਉਂਦਾ ਹੋ ਗਿਆ। ਸਾਡੇ ਪਾਪਾਂ ਨੂੰ ਮਾਫ ਕਰ ਦਿੱਤਾ ਅਤੇ ਸਾਨੂੰ ਸਦੀਪਕ ਜੀਵਨ ਦਿੱਤਾ।

ਅਬਰਾਹਮ ਦੀ ਕਹਾਣੀ ਦਾ ਨਾਟਕ ਤਿਆਰ ਕਰੋ। ਅਰਾਧਨਾ ਦੇ ਅਗੁਵੇ ਨਾਲ ਮਿਲ ਕੇ ਇਸ ਨਾਟਕ ਦਾ ਇੰਤਜਾਮ ਕਰੋ। ਅਤੇ ਇੰਨਾ ਚਾਰ ਚੀਜਾਂ ਦੀ ਉਦਾਹਰਣ ਵੀ ਦਿਉ।

- ਵੱਡੇ ਬੱਚੇ ਜਾ ਬਾਲਿਗਾ ਨਾਟਕ ਦੇ ਇੰਨਾ ਹਿੱਸਿਆਂ ਨੂੰ ਕਰਨ, ਪਰਮੇਸ਼ਵਰ ਦੀ ਅਵਾਜ, ਅਤੇ ਅਬਰਾਹਮ।
- ਛੋਟੇ ਬੱਚੇ ਇੰਨ੍ਹਾਂ ਹਿੱਸਿਆਂ ਨੂੰ ਕਰਨ ਸਾਰਾਹ ਅਤੇ ਸੇਵਕ।

**ਪਰਮੇਸ਼ਵਰ ਦੀ ਅਵਾਜ:-** ''ਅਬਰਾਹਮ, ਕਿਉਕਿ ਤੈਨੂੰ ਮੇਰੇ ਵਾਧੇ ਤੇ ਭਰੋਸ਼ਾ ਹੈ। ਮੈਂ ਤੇਰੇ ਵੰਸ਼ ਨੂੰ ਜਿਵੇਂ ਅਸਮਾਨ ਵਿੱਚ ਜਿੰਨੇ ਤਾਰੇ ਹਨ, ਉਨ੍ਹਾਂ ਵਧਾਵਾਂਗਾ।''

**ਅਬਰਾਹਮ:** ਉੱਤੇ ਅਸਮਾਨ ਵੱਲ ਵੇਖੇ। ਫਿਰ ਆਖੇ, ''ਇੰਨੇ ਤਾਰੇ ਹਨ ਕਿ ਮੈ ਗਿਣ ਨਹੀਂ ਸਕਦਾ। ਅਤੇ ਮਹਾਨ ਪਰਮੇਸ਼ਵਰ ਮੈਨੂੰ ਤੇਰੇ ਤੇ ਵਿਸ਼ਵਾਸ ਹੈ ਕਿ ਤੂੰ ਕੋਈ ਚੀਜ ਵੀ ਕਰ ਸਕਦਾ ਹੈ।''

**ਪਰਮੇਸ਼ਵਰ ਦੀ ਅਵਾਜ:** ਕਿਉਕਿ ਤੂੰ ਮੇਰਾ ਵਿਸ਼ਵਾਸ ਕੀਤਾ, ਮੈ ਤੈਨੂੰ ਧਰਮੀ ਗਿਣਦਾ ਹਾਂ ਅਤੇ ਮੈ ਤੈਨੂੰ ਅਸੀਸ ਦਵਾਗਾ। ਅਤੇ ਮੈ ਸਾਰੇ ਦੇਸ਼ਾਂ ਨੂੰ ਤੇਰੇ ਵੰਸ਼ਾਂ ਦੇ ਦੁਆਰਾ ਅਸੀਸ ਦੇਵਾਂਗਾ।

**ਅਬਰਾਹਮ :** ''ਮੇਰੇ ਕੋਲ ਤਾ ਕੋਈ ਬੱਚਾ ਵੀ ਨਹੀ ਹੈ ਅਤੇ ਮੇਰੀ ਪਤਨੀ ਸਗਈ ਵੀ ਬੱਚਾ ਪੈਦਾ ਕਰਣ ਦੇ ਕਾਬਿਲ ਨਹੀ ਹੈ।''

**ਪਰਮੇਸ਼ਵਰ ਦੀ ਅਵਾਜ:** ''ਮੇਰੇ ਉੱਤੇ ਵਿਸ਼ਵਾਸ ਕਰ, ਤੇਰੀ ਪਤਨੀ ਸਾਰਾਹ ਹੀ ਬੱਚਾ ਪੈਦਾ ਕਰੇਗੀ।''

**ਅਬਰਾਹਮ** : ਸਾਰਾਹ ਵੱਲੇ ਤੁਰੇ ਅਤੇ ਆਖੇ, ਪਰਮੇਸ਼ਵਰ ਨੇ ਮੇਰੇ ਨਾਲ ਵਾਹਿਦਾ ਕੀਤਾ ਕਿ ਤੂੰ ਇੱਕ ਬੱਚਾ ਪੈਦਾ ਕਰੇਂਗੀ।''

**ਸਾਰਾਹ** :- ਹੱਸੇ ਅਤੇ ਸੇਵਕਾਂ ਨੂੰ ਆਖੇ, ਇਸ ਤਰ੍ਹਾਂ ਦੀਆਂ ਚੀਜਾਂ ਆਖੇ, ਜਿਵੇਂ ''ਕਿ ਤੁਸੀਂ ਸੁਣਿਆ ਅਬਰਾਹਮ ਨੂੰ ਮੈਨੂੰ ਕੀ ਕਿਹਾ? ਉਸ ਨੇ ਮੈਨੂੰ ਕਿਹਾ ਕਿ ਮੇਰੇ ਕੋਲ ਇੱਕ ਬੱਚਾ ਹੋਵੇਗਾ।''

**ਸੇਵਕ:** ਹੱਸਣ ਅਤੇ ਇਸ ਤਰ੍ਹਾਂ ਆਖਣ, ਪਰ ਤੂੰ ਬੱਚਾ ਪੈਦਾ ਕਰਨ ਲਈ ਬਹੁਤ ਬੁੱਢੀ ਹੋ ਚੁੱਕੀ ਹੈ।

''ਅਬਰਾਹਮ ਆਪਣੇ ਆਪ ਵਿਚ ਸੋਚਦਾ ਹੈ ਕਿ ਉਹ ਕਿਹੋ ਜਿਹਾ ਵਾਧਾ ਕਰੇ?''

''ਇਹ ਬੜਾ ਹੀ ਘਟੀਆ ਮਜ਼ਾਕ ਹੈ।''

**ਅਬਰਾਹਮ:** ਉਨ੍ਹਾਂ ਸਾਰਿਆਂ ਲੋਕਾਂ ਨੂੰ ਜਿਹੜੇ ਸੁਣ ਰਹੇ ਹਨ ਆਖੇ, ''ਪਰਮੇਸ਼ਵਰ ਆਪਣੇ ਵਾਹਦਿਆਂ ਨੂੰ ਪੂਰਾ ਕਰਦਾ ਹੈ।


**ਉਹਨੇ ਚਮਤਕਾਰ ਕੀਤਾ।** ਸਾਰਾਹ ਨੇ ਆਪਣੇ ਬੱਚੇ ਇਸਹਾਕ ਨੂੰ ਜਨਮ ਦਿੱਤਾ। ਇਸਹਾਕ ਦੇ ਵੰਸ਼ਾਂ ਦੁਆਰਾ ਸਾਰੇ ਦੇਸ਼ ਨੂੰ ਅਸੀਸ ਮਿਲੀ ਹੈ। ਇਹ ਯੀਸ਼ੂ ਹੈ।''

(ਉਹਨਾ ਸਭਨਾ ਦਾ ਧੰਨਵਾਦ ਕਰੋ, ਜਿੰਨਾਂ ਨੇ ਨਾਟਕ ਵਿੱਚ ਮੱਦਦ ਕੀਤੀ ਹੈ)

ਬੱਚੇ ਇੱਕ ਜਵਾਲਾ ਮੁੱਖੀ ਦੀ ਤਸਵੀਰ ਬਣਾਉਣ। ਵੱਡੇ ਬੱਚਿਆਂ ਨੂੰ ਛੋਟਿਆਂ ਦੀ ਮੱਦਦ ਕਰਨ ਲਈ ਕਹੋ। ਉਹ ਉਨ੍ਹਾਂ ਦੀਆਂ ਤਸਵੀਰਾਂ ਨੂੰ ਬਾਲਿਗਾ ਦੀ ਅਰਾਧਨਾ ਦੇ ਦੌਰਾਣ ਦਿਖਾਉਣ ਅਤੇ ਸਮਝਾਉਣ

ਜਵਾਲਾ ਮੁੱਖੀ ਲੋਕਾਂ ਨੂੰ ਸੁਵਾਹ ਕਰ ਦਿੰਦੇ ਹਨ, ਉਨ੍ਹਾਂ ਉੱਤੇ ਅੱਗ ਨੂੰ ਪਾ ਕੇ। ਇਸੇ ਤਰ੍ਹਾਂ ਹੀ ਬੁਰੇ ਲੋਕ ਸਦੋਮ ਦੇ।

- ਸਦੋਮ ਵਿੱਚ ਮਰ ਗਏ, ਅਸਮਾਨ ਵਿੱਚ ਅੱਗ ਦੀਆ ਲਪਟਾਂ ਨਾਲ।
- ਇਹ ਸਾਨੂੰ ਦੱਸਦੀ ਹੈ ਕਿ ਸਾਨੂੰ ਉਨ੍ਹਾਂ ਲੋਕਾਂ ਵਾਸਤੇ ਪ੍ਰਾਰਥਨਾ ਕਰਨੀ ਹੈ, ਉਹ ਜਿਹੜੇ ਯੀਸ਼ੂ ਬਾਰੇ ਨਹੀ ਜਾਣਦੇ ਜਿਵੇ ਅਬਰਾਹਮ ਨੇ ਲੂਤ ਦੇ ਪਰਿਵਾਰ ਲਈ ਕੀਤਾ, ਅੱਗ ਤੋਂ ਵੱਖ ਕਰਨ ਦੇ ਦੁਆਰਾ।



**ਕਵਿਤਾ,** ਚਾਰ ਬੱਚੇ, ਹਰੇਕ ਬੱਚਾ ਇੱਕ ਇੱਕ ਆਇਤ ਨੂੰ ਦੁਹਰਾਏ ਜਬੂਰਾਂ ਦੀ ਪੋਥੀ 34, ਆਇਤਾ 4,7,8 ਅਤੇ 9 ਵਿੱਚੋਂ।

ਯਾਦ ਕਰੋ ਇੰਬਰਾਨੀਆ 11:1। ਪ੍ਰਾਰਥਨਾ, ''ਪਰਮੇਸ਼ਵਰ ਧੰਨਵਾਦ ਤੁਹਾਡਾ ਸਾਡੇ ਲਈ ਤੁਹਾਡੇ ਵਾਹਦਿਆਂ ਦਾ। ਅਸੀ ਉਹ ਸਾਰੇ ਕੰਮ ਕਰਨ ਦਾ ਵਿਸ਼ਵਾਸ ਕਰਦੇ ਹਾਂ, ਜਿਹੜਾ ਕਿ ਤੁਸੀ ਸਾਨੂੰ ਕਿਹਾ। ਅਸੀਂ ਤੁਹਾਡੇ ਉੱਤੇ ਭਰੋਸ਼ਾ ਕਰਦੇ ਹਾਂ, ਉਸ ਵਿਸ਼ਵਾਸ ਨਾਲ ਜਿਵੇ ਅਬਰਾਹਮ ਦਾ। ਸਾਡੀ ਮੱਦਦ ਕਰੋ ਕਿ ਅਸੀ ਦੂਜਿਆਂ ਲਈ ਪ੍ਰਾਰਥਨਾ ਕਰੀਏ, ਜਿਵੇ ਉਹਨੇ ਕੀਤਾ।''

Copyright 2004 © by Paul-Timothy. May be freely copied. Download from www.Paul-Timothy.net